SED-EDU405/101/2024-2EDU4

I/ 952777/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

## ਹੁਕਮ

ਸਰਕਾਰ ਵੱਲੋਂ ਪੱਤਰ ਨੰ: SED-EDU401/74/2024-2EDU4/108 ਮਿਤੀ 30-08-2024 ਰਾਹੀਂ ਜਾਰੀ ਕੀਤੇ ਹੁਕਮਾਂ ਦੇ ਲੜੀ ਨੰ: 09 ਤੇ ਸ੍ਰੀਮਤੀ ਦਲਬੀਰ ਕੌਰ, ਪ੍ਰਿੰਸੀਪਲ ਦੀ ਬਦਲੀ ਸਸਸਸ ਮੁਰਾਦਪੁਰ ਨਰਿਆਲਾ, ਜਿਲ੍ਹਾ ਹੁਸ਼ਿਆਰਪੁਰ ਤੋਂ ਸਸਸਸ ਭੰਗਾਲਾ, ਹੁਸ਼ਿਆਰਪੁਰ ਵਿਖੇ ਕੀਤੀ ਗਈ ਸੀ।

2. ਇਹਨਾਂ ਹੁਕਮਾਂ ਵਿਰੁੱਧ ਸ੍ਰੀਮਤੀ ਦਲਬੀਰ ਕੌਰ, ਪ੍ਰਿੰਸੀਪਲ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 23193 ਆਫ 2024 ਦਾਇਰ ਕੀਤੀ ਗਈ। ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 12.09.2024 ਰਾਹੀਂ ਸ੍ਰੀਮਤੀ ਦਲਬੀਰ ਕੌਰ ਦੀ ਬਦਲੀ ਦੇ ਹੁਕਮ ਸਬੰਧੀ ਪਟੀਸ਼ਨਰ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਦੇ ਆਦੇਸ਼ ਦਿੱਤੇ ਸਨ। ਮਾਨਯੋਗ ਕੋਰਟ ਵੱਲੋਂ ਮਿਤੀ 12.09.2024 ਰਾਹੀਂ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸ੍ਰੀਮਤੀ ਦਲਬੀਰ ਕੌਰ ਵੱਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 19/09/2024 ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: SED-EDU401/74/2024-2EDU4/108 ਮਿਤੀ 30-08-2024 ਰਾਹੀਂ ਸ੍ਰੀਮਤੀ ਦਲਬੀਰ ਕੌਰ, ਪ੍ਰਿੰਸੀਪਲ ਦੀ ਬਦਲੀ ਦੇ ਕੀਤੇ ਹੁਕਮ ਰੱਦ ਕੀਤੇ ਜਾਂਦੇ ਹਨ।

3. ਇਹ ਹੁਕਮ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
27.09.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱ.ਅੰ. ਨੰ:/ਉਕਤ                ਮਿਤੀ, ਚੰਡੀਗੜ੍ਹ: 22.10.2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
2) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ।
3) ਡੀ.ਐਮ. (ਐਮ.ਆਈ. ਐਸ. ਵਿੰਗ) ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈੱਬਸਾਇਟ ਤੇ ਅਪਲੋਡ ਕੀਤਾ ਜਾਵੇ।
4) ਸਬੰਧਤ ਅਧਿਕਾਰੀ (ਵੈੱਬਸਾਇਟ ਰਾਹੀਂ)।

(ਸੁਰਜੀਤ ਸਿੰਘ) 22/x
ਸੁਪਰਡੰਟ